

# ਤੁਹਾਡੇ ਬੱਚੇ ਦੀ ਤਰੱਕੀ

## ਸਕੂਲੀ ਵਰ੍ਹੇ 2016-17 ਲਈ ਪੜ੍ਹਾਈ ਦੇ ਮਿਆਰ

ਵਾਸ਼ਿੰਗਟਨ ਦੇ K–12 ਪੜ੍ਹਾਈ ਦੇ ਮਿਆਰ ਹਨ ਜੋ ਅਜਿਹੀ ਜਾਣਕਾਰੀ ਅਤੇ ਹੁਨਰਾਂ ਨੂੰ ਪਰਿਭਾਸ਼ਤ ਕਰਦੇ ਹਨ ਜਿਹਨਾਂ ਦੀ ਲੋੜ ਹਰੇਕ ਵਿਦਿਆਰਥੀ ਨੂੰ ਹਾਈ ਸਕੂਲ ਮੁਕੰਮਲ ਕਰਨ ਤੋਂ ਬਾਅਦ ਕੈਰੀਅਰ, ਕਾਲਜ ਅਤੇ ਜ਼ਿੰਦਗੀ ਲਈ ਤਿਆਰ ਹੋਣ ਵਾਸਤੇ ਪੈਂਦੀ ਹੈ।

ਹੇਠਾਂ 4ਥੇ ਗ੍ਰੇਡ ਲਈ ਵਾਸ਼ਿੰਗਟਨ ਦੇ ਪੜ੍ਹਾਈ ਦੇ ਮੁੱਖ ਟੀਚਿਆਂ ਦੀਆਂ ਸੰਖੇਪ ਉਦਾਹਰਨਾਂ ਹਨ।
ਵਧੇਰੇ ਪੂਰਨ ਜਾਣਕਾਰੀ ਲਈ, ਇਸ ਵੈਬਸਾਈਟ 'ਤੇ ਜਾਓ:

www.YourChildsProgress.com

- **ਕਲਾਵਾਂ।** ਨ੍ਰਤਿ-ਕਲਾ ਦੇ ਸਧਿਾਤਾਂ ਦੀ ਵਰਤੋਂ ਕਰਨੀ; ਸੰਗੀਤ ਪੇਸ਼ ਕਰਨਾ; ਸਕ੍ਰਪਿਟਾਂ ਵਚਿ ਡਾਇਲਾਗ ਦੀ ਵਰਤੋਂ ਕਵਿੇਂ ਕੀਤੀ ਜਾਂਦੀ ਹੈ ਇਸ ਬਾਰੇ ਸਮਝਣਾ; ਕਲਾਕ੍ਰਤਿੀ ਨੂੰ ਬਣਾਉਣਾ ਅਤੇ ਇਸ ਦੀ ਵਆਿਖਆਿ ਕਰਨੀ।
- **ਵਦਿਅਿਕ ਤਕਨੀਕ।** ਚੋਣਵੀਆਂ ਵੈਬਸਾਈਟਾਂ ਦੀ ਵਰਤੋਂ ਕਰਕੇ ਵਾਸ਼ਗਿਟਨ ਦੇ ਅਨੇਕਾਂ ਖੇਤਰਾਂ ਦੇ ਮੂਲ ਲੋਕਾਂ ਦੀਆਂ ਵਸ਼ਿੇਸ਼ਤਾਵਾਂ ਦੀ ਤੁਲਨਾ ਕਰਨੀ।
- **ਅੰਗਰੇਜ਼ੀ ਭਾਸ਼ਾ ਕਲਾਵਾਂ (ELA)।** ਸਾਹਤਿਕ ਅਤੇ ਗਲਪ-ਰਹਤਿ ਟੈਕਸਟਾਂ ਨੂੰ ਪੜ੍ਹਨ ਅਤੇ ਵਚਿਾਰ-ਵਟਾਂਦਰਾ ਕਰਨਾ; ਲਖਿਦੇ ਸਮੇਂ ਵਚਿਾਰਾਂ ਦਾ ਵਸ਼ਿਲੇਸ਼ਣ ਕਰਨਾ, ਵਸ਼ਿਆਿਂ ਦੀ ਚੋਣ ਕਰਨੀ ਅਤੇ ਵਸਿਥਾਰ ਦੇਣਾ।
- **ਸਹਿਤ ਅਤੇ ਸਰੀਰਕ ਸਖਿਆਿ।** ਸਹਿਤਮੰਦ ਆਦਤਾਂ ਅਤੇ ਸਮਾਜਕਿ ਹੁਨਰਾਂ ਲਈ ਟੀਚੇ ਤੈਅ ਕਰਨੇ; ਵਵਿਹਾਰਾਂ ਦੇ ਨਤੀਜਆਿਂ ਨੂੰ ਸਮਝਣਾ।
- **ਗਣਤਿ।** ਇੱਕ ਸਮਾਨ ਭਨਿਾਂ ਅਤੇ ਭਨਿਾਂ ਦੇ ਜਮਾਂ ਅਤੇ ਘਟਾਓ ਦੀ ਸਮਝ ਦਾ ਵਕਿਾਸ ਕਰਨਾ।
- **ਵਗਿਆਿਨ।** ਲਹਰਿ ਦੇ ਪੈਟਰਨਾਂ ਬਾਰੇ ਪਤਾ ਲਗਾਉਣਾ; ਨਕਸ਼ਆਿਂ ਤੋਂ ਡੈਟੇ ਦਾ ਵਸ਼ਿਲੇਸ਼ਣ ਕਰਨਾ ਅਤੇ ਵਆਿਖਆਿ ਕਰਨੀ; ਇਸ ਬਾਰੇ ਸਖਿਣਾ ਕ ਿਕਵਿੇਂ ਬਾਹਰੀ ਵਸ਼ਿੇਸ਼ਤਾਵਾਂ ਪੌਦਆਿਂ ਅਤੇ ਜਾਨਵਰਾਂ ਦੀ ਸਹਾਇਤਾ ਕਰਦੀਆਂ ਹਨ।
- **ਸਮਾਜਕਿ ਸਖਿਆਿ।** ਵਾਸ਼ਗਿਟਨ ਦੇ ਅਤੀਤ ਅਤੇ ਵਰਤਮਾਨ ਬਾਰੇ ਪਤਾ ਲਗਾਉਣਾ, ਜਸਿ ਵਚਿ ਭੂਗੋਲ, ਅਰਥ-ਵਵਿਸਥਾ ਅਤੇ ਅੱਜ ਦੀ ਸਰਕਾਰ ਸ਼ਾਮਲ ਹਨ; ਸਥਾਨਕ, ਖੇਤਰੀ ਅਤੇ ਰਾਜ-ਵਆਿਪੀ ਮੁੱਦਆਿਂ ਅਤੇ ਘਟਨਾਵਾਂ ਦੀ ਪੜਤਾਲ ਕਰਨੀ, ਬਹੁ ਦ੍ਰਸ਼ਿਟੀਕੋਣਾਂ ਤੋਂ ਉਹਨਾਂ ਦਾ ਵਸ਼ਿਲੇਸ਼ਣ ਕਰਨਾ।

ਵਾਸ਼ਿੰਗਟਨ ਕੋਲ  ਇੰਟੇਗ੍ਰੇਟਡ ਇਨਵਾਇਰਨਮੈਂਟ **ਐਂਡ ਸਸਟੇਨੇਬਿਲਟੀ, ਵਰਲਡ ਲੈਂਗੂਏਜ਼ਸ, ਕੈਰੀਅਰ ਐਂਡ ਟੈਕਨੀਕਲ ਐਜੂਕੇਸ਼ਨ** (ਮਿਡਲ ਅਤੇ ਹਾਈ ਸਕੂਲ ਲਈ ਫਰੇਮਵਰਕ ਅਤੇ ਇੰਡਸਟਰੀ ਸਟੈਂਡਰਡ), **ਇੰਗਲਿਸ਼ ਲੈਂਗੂਏਜ ਪ੍ਰੋਫੀਸ਼ੈਂਸੀ** (ELA, ਗਣਿਤ ਅਤੇ ਵਿਗਿਆਨ ਵਿੱਚ) **ਵੀ ਪੜ੍ਹਾਈ ਦੇ ਮਿਆਰ ਹਨ, ਇਸ ਤੋਂ ਇਲਾਵਾ ਅਰਲੀ ਲਰਨਿੰਗ** (ਜਨਮ ਤੋਂ 3ਜੇ ਗ੍ਰੇਡ ਤਕ) ਲਈ ਦਿਸ਼ਾ-ਨਿਰਦੇਸ਼ ਹਨ ਜੋ ਸਾਰੇ ਵਿਦਿਆਰਥੀਆਂ ਲਈ ਸੰਪੂਰਨ ਸਿੱਖਿਆ ਦੇ ਪੂਰਕ ਹੁੰਦੇ ਹਨ।

**ਵਿਸ਼ੇਸ਼ ਸਿੱਖਿਆ:** ਜਿਹੜੇ ਵਿਦਿਆਰਥੀ ਸੇਵਾਵਾਂ ਪ੍ਰਾਪਤ ਕਰਦੇ ਹਨ ਉਹਨਾਂ ਕੋਲ ਉਹਨਾਂ ਦੀਆਂ ਵਿਅਕਤੀਗਤ ਸਿੱਖਿਆ ਯੋਜਨਾਵਾਂ ਵਿੱਚ ਪਛਾਣ ਕੀਤੀਆਂ ਅਨੁਕੂਲਤਾਵਾਂ, ਸੰਸ਼ੋਧਨ ਅਤੇ ਸਹਾਇਤਾ ਹੁੰਦੀ ਹੈ।

**ਅੰਗਰੇਜ਼ੀ ਭਾਸ਼ਾ ਸਿੱਖਣ ਵਾਲੇ:**  ਜਿਹੜੇ ਵਿਦਿਆਰਥੀ ਅੰਗਰੇਜ਼ੀ ਬੋਲਣੀ ਸਿਖ ਰਹੇ ਹੁੰਦੇ ਹਨ ਉਹਨਾਂ ਕੋਲ ਭਾਸ਼ਾਈ ਮਹਾਰਤ ਦੇ ਮਿਆਰ ਹੁੰਦੇ ਹਨ ਜੋ ਸਮੁੱਚੇ ਵਿਸ਼ਿਆਂ ਦੀ ਪੜ੍ਹਾਈ ਦੀ ਯੋਜਨਾ ਬਣਾਉਣ ਵਿੱਚ ਅਧਿਆਪਕਾਂ ਦੀ ਮਦਦ ਕਰਦੇ ਹਨ ਜੋ ਹਰੇਕ ਵਿਦਿਆਰਥੀ ਦੇ ਭਾਸ਼ਾਈ ਵਿਕਾਸ ਦੇ ਪੱਧਰ ਲਈ ਢੁਕਵੀਂ ਹੁੰਦੀ ਹੈ।

# ਗ੍ਰੇਡ 4

### ਵਾਸ਼ਿੰਗਟਨ ਰਾਜ ਦੇ ਪੜ੍ਹਾਈ ਸੰਬੰਧੀ ਟੀਚੇ

ਵਾਸ਼ਿੰਗਟਨ ਰਾਜ ਦੇ ਵਿਧਾਨਕਾਰਾਂ ਨੇ ਰਾਜ ਵਿੱਚ ਅਕਾਦਮਿਕ ਪੜ੍ਹਾਈ ਦੇ ਸਾਰੇ ਮਿਆਰਾਂ ਦੇ ਵਿਕਾਸ ਵਾਸਤੇ ਬੁਨਿਆਦ ਰੱਖਣ ਲਈ ਪੜ੍ਹਾਈ ਦੇ ਚਾਰ ਟੀਚੇ ਕਾਇਮ ਕੀਤੇ ਹਨ:

1. ਸਮਝ ਕੇ ਪੜ੍ਹੋ, ਪ੍ਰਭਾਵਸ਼ਾਲੀ ਢੰਗ ਨਾਲ ਲਿੱਖੋ, ਅਤੇ ਵੱਖੋ-ਵੱਖ ਤਰੀਕਿਆਂ ਅਤੇ ਸੈਟਿੰਗਸ ਨਾਲ ਅਤੇ ਵੱਖੋ-ਵੱਖ ਕਿਸਮਾਂ ਦੇ ਸ੍ਰੋਤਿਆਂ ਨਾਲ ਸਫਲਤਾਪੂਰਵਕ ਸੰਚਾਰ ਕਰੋ;
2. ਵੱਖ-ਵੱਖ ਸਭਿਆਚਾਰਾਂ ਅਤੇ ਪ੍ਰਤੀਨਿਧ ਸਰਕਾਰ ਵਿੱਚ ਭਾਗੀਦਾਰੀ; ਭੂਗੋਲ; ਕਲਾ; ਅਤੇ ਸਿਹਤ ਅਤੇ ਤੰਦਰੁਸਤੀ ਸਮੇਤ ਗਣਿਤ; ਸਮਾਜਿਕ, ਭੌਤਿਕ, ਅਤੇ ਜੀਵ ਵਿਗਿਆਨ; ਨਾਗਰਿਕ ਸ਼ਾਸ਼ਤਰ ਅਤੇ ਇਤਿਹਾਸ, ਦੀਆਂ ਮੂਲ ਧਾਰਣਾਵਾਂ ਅਤੇ ਸਿਧਾਤਾਂ ਬਾਰੇ ਜਾਣਨਾ ਅਤੇ ਉਹਨਾਂ ਦਾ ਅਮਲ;
3. ਵਿਵੇਕਪੂਰਣ ਫ਼ੈਸਲੇ ਲੈਣ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਲਈ ਵਿਸ਼ਲੇਸ਼ਣਾਤਮਕ, ਤਰਕਪੂਰਣ ਅਤੇ ਸਿਰਜਣਾਤਮਕ ਢੰਗ ਵਿੱਚ ਸੋਚਣਾ, ਅਤੇ ਤਕਨੀਕ ਦੀ ਪੜ੍ਹਾਈ ਅਤੇ ਰਵਾਨਗੀ ਅਤੇ ਨਾਲ ਹੀ ਵੱਖ-ਵੱਖ ਤਜਰਬਿਆਂ ਅਤੇ ਗਿਆਨ ਨੂੰ ਮਿਲਾਉਣਾ; ਅਤੇ
4. ਕੰਮ ਅਤੇ ਵਿੱਤ ਦੇ ਮਹੱਤਵ ਅਤੇ ਇਸ ਗੱਲ ਨੂੰ ਸਮਝਣਾ ਕਿ ਪ੍ਰਦਰਸ਼ਨ, ਕੋਸ਼ਿਸ਼ ਅਤੇ ਫ਼ੈਸਲੇ ਕਿਸ ਤਰ੍ਹਾਂ ਨਾਲ ਭਵਿੱਖ ਦੇ ਕੈਰੀਅਰ ਅਤੇ ਵਿਦਿਅਕ ਮੌਕਿਆਂ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਦੇ ਹਨ।

SUPERINTENDENT OF PUBLIC INSTRUCTION WASHINGTON

ਜਨਤਕ ਹਦਾਇਤ ਦੇ ਸੁਪਰੀਡੈਂਟ ਦਾ ਦਫ਼ਤਰ
(Office of Superintendent of Public Instruction)
www.k12.wa.us

September 2016, Publication No. 16-0035

# ਵਾਸ਼ਿੰਗਟਨ ਵਿੱਚ ਰਾਜ ਦੇ ਟੈਸਟ

ਫੈਡਰਲ ਕਨੂੰਨ ਦੇ ਅਨੁਸਾਰ ਗ੍ਰੇਡ 3-8 ਵਿੱਚ ਵਿਦਿਆਰਥੀਆਂ ਦੀ ਸਾਲਾਨਾ ਜਾਂਚ ਅਤੇ ਹਾਈ ਸਕੂਲ ਵਿੱਚ ਇੰਗਲਿਸ਼ ਲੈਂਗਵੇਜ ਆਰਟਸ (ELA) ਵਿੱਚ ਇੱਕ ਵਾਰ, ਅਤੇ ਗ੍ਰੇਡ 5 ਅਤੇ 8 ਵਿੱਚ ਸਾਇੰਸ ਵਿੱਚ ਹਾਈ ਸਕੂਲ ਵਿੱਚ ਇੱਕ ਵਾਰ ਲੋੜੀਂਦੀ ਹੈ। ਵਾਸ਼ਿੰਗਟਨ ਰਾਜ ਲਈ ਇਹ ਵੀ ਲੋੜੀਂਦਾ ਹੈ ਕਿ ਵਿਦਿਆਰਥੀ ਹਾਈ ਸਕੂਲ ਤੋਂ ਪਾਸ ਹੋਣ ਵਾਸਤੇ ਯੋਗਤਾ ਪੂਰੀ ਕਰਨ ਲਈ ਖਾਸ ਟੈਸਟਾਂ ਨੂੰ ਪਾਸ ਕਰਨ।

ਗ੍ਰੇਡ 3-8 ਵਿੱਚ ਵਧੇਰੇ ਵਿਦਿਆਰਥੀ ELA ਅਤੇ ਗਣਿਤ ਵਿੱਚ **Smarter Balanced** (**ਸਮਾਰਟਰ ਬੈਲੰਸਡ**) ਟੈਸਟ, ਸਾਇੰਸ ਵਿੱਚ ਮੈਜ਼ਰਮੈਂਟਸ ਆਫ਼ ਸਟੂਡੈਂਟ ਪ੍ਰਾਗਰੈੱਸ (**MSP**) ਵਿੱਚ ਭਾਗ ਲੈਣਗੇ। ਇਹ ਟੈਸਟ ਉਪਕਰਣਾਂ, ਸਮਰਥਨਾਂ, ਜਾਂ ਅਨੁਕੂਲਤਾਵਾਂ ਸਮੇਤ ਜਾਂ ਇਨ੍ਹਾਂ ਤੋਂ ਬਿਨਾਂ ਲਏ ਜਾ ਸਕਦੇ ਹਨ।

ਆਪਣੇ ਇੰਡਿਵੀਜ਼ੁਅਲਾਈਜ਼ਡ ਐਜੂਕੇਸ਼ਨ ਪ੍ਰੋਗਰਾਮ (IEP) ਵਿੱਚ ਦਰਜ ਮਹੱਤਵਪੂਰਨ ਬੌਧਿਕ ਚੁਣੌਤੀਆਂ ਵਾਲੇ ਵਿਦਿਆਰਥੀ ELA, ਗਣਿਤ, ਅਤੇ ਸਾਇੰਸ ਵਿੱਚ ਵਾਸ਼ਿੰਗਟਨ – ਐਕਸੈੱਸ ਟੂ ਇੰਸਟ੍ਰਕਸ਼ਨ ਐਂਡ ਮੈਜ਼ਰਮੈਂਟ (**WA-AIM**) ਨਾਲ ਜਾਣੇ ਜਾਂਦੇ ਵਿਕਲਪਿਕ ਟੈਸਟ ਵਿੱਚ ਭਾਗ ਲੈਂਦੇ ਹਨ।

ਰਾਜ ਦੇ ਇਮਤਿਹਾਨ ਕਦੇ ਵੀ ਵਿਦਿਆਰਥੀ ਦੀਆਂ ਅਕਾਦਮਿਕ ਮਹਾਰਤਾਂ ਅਤੇ ਗਿਆਨ ਦੀ ਇੱਕਮਾਤਰ ਪਰਖ *ਨਹੀਂ* ਹੋਣੇ ਚਾਹੀਦੇ। ਜੇਕਰ ਆਪਣੇ ਬੱਚੇ ਦੀ ਪੜ੍ਹਾਈ ਬਾਰੇ ਤੁਹਾਡੇ ਕੋਈ ਪ੍ਰਸ਼ਨ ਹਨ, ਤਾਂ ਕਿਰਪਾ ਕਰਕੇ ਆਪਣੇ ਬੱਚੇ ਦੇ ਅਧਿਆਪਕ ਜਾਂ ਸਕੂਲ ਨਾਲ ਸੰਪਰਕ ਕਰੋ।

K-12 ਗ੍ਰੇਡਾਂ ਵਿੱਚ ਅੰਗਰੇਜ਼ੀ ਬੋਲਣ ਦੀ ਸਿਖਲਾਈ ਸ਼ੁਰੂ ਕਰਨ ਵਾਲੇ ਵਿਦਿਆਰਥੀ 21st Century **(ELPA21)** ਲਈ ਇੰਗਲਿਸ਼ ਲੈਂਗਵੇਜ ਪ੍ਰਾਫੀਸ਼ੈਂਸੀ ਅਸੈੱਸਮੈਂਟ (English Language Proficiency Assessment) ਵਿੱਚ ਸ਼ਾਮਲ ਹੋਣਗੇ। ਇਹ ਮੁਲਾਂਕਣ ਅੰਗਰੇਜ਼ੀ ਭਾਸ਼ਾ ਦੀਆਂ ਕੁਸ਼ਲਤਾਵਾਂ ਅਤੇ ਅੰਗਰੇਜ਼ੀ ਵਿੱਚ ਪੜ੍ਹਨ, ਲਿਖਣ, ਸੁਣਨ ਅਤੇ ਬੋਲਣ ਵਿੱਚ ਸਲਾਨਾ ਵਾਧੇ ਦਾ ਮਾਪ ਕਰਦਾ ਹੈ। ਜੋ ਵਿਦਿਆਰਥੀ ਅੰਗਰੇਜ਼ੀ ਭਾਸ਼ਾ ਪ੍ਰੋਗਰਾਮ ਸਹਿਯੋਗ ਸੇਵਾਵਾਂ ਪ੍ਰਾਪਤ ਕਰਨ ਲਈ ELPA21 ਦੇ ਯੋਗ ਹੋਣ ਤੇ ਉੱਭਰਦੇ ਜਾਂ ਤਰੱਕੀ ਕਰਨ ਦੇ ਇੱਕ ਪ੍ਰੋਫੀਸ਼ੈਂਸੀ ਪੱਧਰ ਪ੍ਰਾਪਤ ਕਰਦੇ ਹਨ।

## ਸੂਬਾਈ ਇਮਤਿਹਾਨਾਂ ਬਾਰੇ ਅਕਸਰ ਪੁੱਛੇ ਜਾਂਦੇ ਸਵਾਲ

### ਮੇਰੇ ਬੱਚੇ ਨੂੰ ਰਾਜ ਦੇ ਟੈਸਟ ਦੇਣ ਦੀ ਲੋੜ ਕਿਉਂ ਹੈ?

ਰਾਜ ਦੇ ਟੈਸਟ ਰਾਜ ਅਤੇ ਸੰਘੀ ਕਾਨੂੰਨਾਂ ਵੱਲੋਂ ਲੋੜੀਂਦੇ ਹਨ। ਇਸ ਬਾਰੇ ਪਤਾ ਲਗਾਉਣ ਲਈ ਸਿਰਫ ਇਹੋ ਇੱਕੋ ਤਰੀਕਾ ਨਹੀਂ ਹੈ ਕਿ ਸਕੂਲ ਵਿੱਚ ਵਿਦਿਆਰਥੀ ਕਿਵੇਂ (ਕਾਰਗੁਜ਼ਾਰੀ) ਕਰ ਰਿਹਾ ਹੈ, ਪਰ ਇਹ ਬਹੁਤ ਦੇਰ ਹੋਣ ਤੋਂ ਪਹਿਲਾਂ ਪੜ੍ਹਾਈ ਦੇ ਮੁੱਦਿਆਂ ਦੀ ਪਛਾਣ ਕਰਨ ਵਿੱਚ ਮਦਦ ਕਰ ਸਕਦਾ ਹੈ।

ਹਾਈ ਸਕੂਲ ਵਿੱਚ, ਰਾਜ ਦੇ ਟੈਸਟ ਜਾਂ ਮਾਨਤਾ ਪ੍ਰਾਪਤ ਵਿਕਲਪਾਂ ਨੂੰ ਪਾਸ ਕਰਨਾ ਦਰਸਾਉਂਦਾ ਹੈ ਕਿ ਵਿਦਿਆਰਥੀਆਂ ਕੋਲ ਵਿੱਦਿਅਕ ਕੁਸ਼ਲਤਾਵਾਂ ਦੀ ਮਜ਼ਬੂਤ ਨੀਂਹ ਹੈ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਉਹ ਕਿਸ ਸਕੂਲ ਵਿੱਚ ਪੜ੍ਹੇ ਜਾਂ ਗ੍ਰੇਜੂਏਸ਼ਨ ਤੋਂ ਬਾਦ ਕੀ ਕਰਨਾ ਚਾਹੁੰਦੇ ਹਨ।

### ਕੀ ਮੈਂ ਆਪਣੇ ਬੱਚੇ ਦੇ ਟੈਸਟ ਦੇਖ ਸਕਦਾ/ਸਕਦੀ ਹਾਂ?

ਟੈਸਟ ਦੇ ਸੁਰੱਖਿਆ ਕਾਰਨਾਂ ਕਰਕੇ, ਵਿਦਿਆਰਥੀ ਆਪਣੇ ਦੋਸਤਾਂ ਅਤੇ ਪਰਿਵਾਰ ਨਾਲ ਰਾਜ ਦੇ ਟੈਸਟਾਂ ਦੇ ਵਿਸ਼ੇ ਬਾਰੇ ਵਿਚਾਰ-ਵਟਾਂਦਰਾ ਨਹੀਂ ਕਰ ਸਕਦੇ। ਪਰ, ਪਰਿਵਾਰਾਂ ਦਾ ਆਪਣੇ ਬੱਚੇ ਦੇ ਟੈਸਟਾਂ ਦੇ ਨਤੀਜਿਆਂ ਤੋਂ ਬਾਦ ਸਮੀਖਿਆ ਕਰਨ ਲਈ ਸਵਾਗਤ ਹੈ।

## ਗ੍ਰੇਡ ਪੱਧਰ ਦੇ ਅਨੁਸਾਰ ਟੈਸਟ, 2016-17

| | K | 1ਵਾਂ | 2ਵਾਂ | 3ਵਾਂ | 4ਵਾਂ | 5ਵਾਂ | 6ਵਾਂ | 7ਵਾਂ | 8ਵਾਂ |
|---|---|---|---|---|---|---|---|---|---|
| ਅੰਗਰੇਜ਼ੀ ਭਾਸ਼ਾ ਕਲਾਵਾਂ (ELA) | | | | ✓ | ✓ | ✓ | ✓ | ✓ | ✓ |
| ਗਣਿਤ | | | | ✓ | ✓ | ✓ | ✓ | ✓ | ✓ |
| ਵਿਗਿਆਨ | | | | | | ✓ | | | ✓ |

**ਨੋਟਸ:**

- ਇੰਗਲਿੰਸ਼ ਲੈਂਗੁਏਜ ਪ੍ਰੋਫੀਸ਼ੈਂਸੀ ਮੁਲਾਂਕਣ ਅੰਗਰੇਜ਼ੀ ਬੋਲਣਾ ਸਿੱਖਣ ਵਾਲੇ ਵਿਦਿਆਰਥੀਆਂ ਲਈ ਲਾਜ਼ਮੀ ਹੈ। ਵਿਦਿਆਰਥੀ ਸਹਿਯੋਗ ਪ੍ਰਾਪਤ ਕਰਨ ਦੇ ਯੋਗ ਹੋਣ ਲਈ ਟੈਸਟ ਦਿੰਦੇ ਹਨ। ਉਹ ਸਲਾਨਾ ਅਧਾਰ 'ਤੇ ਉਦੋਂ ਤਕ ਟੈਸਟ ਦੇਣਾ ਜਾਰੀ ਰੱਖਦੇ ਹਨ ਜਦੋਂ ਤਕ ਉਹ ਇੰਗਲਿੰਸ਼ ਲੈਂਗੁਏਜ ਪ੍ਰੋਫੀਸ਼ੈਂਸੀ ਤਕ ਨਹੀਂ ਪਹੁੰਚ ਜਾਂਦੇ।
- ਹੋਰ ਟੈਸਟ ਲੋੜੀਂਦੇ ਹਨ, ਪਰ ਡਿਸਟ੍ਰਿਕਟਸ ਨੇ ਟੈਸਟਾਂ ਦੀ ਚੋਣ ਕਰਨ ਅਤੇ ਇਹ ਨਿਰਧਾਰਿਤ ਕਰਨ ਵਿੱਚ ਕੁਝ ਲਚਕਤਾ ਰੱਖੀ ਹੈ ਕਿ ਵਿਦਿਆਰਥੀ ਟੈਸਟ ਕਦੋਂ ਦੇਣ। ਟੈਸਟਾਂ ਵਿੱਚ ਸ਼ਾਮਲ ਹਨ,ਸਮਾਜਿਕ ਸਿੱਖਿਆ, ਕਲਾਵਾਂ, ਸਿਹਤ ਅਤੇ ਸਰੀਰਕ ਸਿੱਖਿਆ ਅਤੇ ਹੋਰਾਂ ਵਿਸ਼ਿਆਂ ਵਿੱਚ ਦੂਜੇ-ਗ੍ਰੇਡ ਦੀ ਰੀਡਿੰਗ ਅਤੇ ਕਲਾਸਰੂਮ-ਆਧਾਰਿਤ ਟੈਸਟ। http://www.k12.wa.us/assessment/default.aspx ਤੇ ਵਿਸ਼ਾ ਖੇਤਰ ਲਿੰਕਾਂ ਵਿੱਚ ਵਧੇਰੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।
- ਸਕੂਲ ਡਿਸਟ੍ਰਿਕਟਸ ਨੂੰ ਵਾਧੂ ਟੈਸਟਾਂ ਦੀ ਵੀ ਲੋੜ ਹੁੰਦੀ ਹੈ। ਹੋਰ ਵੇਰਵਿਆਂ ਲਈ ਆਪਣਾ ਸਥਾਨਕ ਡਿਸਟ੍ਰਿਕਟ ਨੂੰ ਸੰਪਰਕ ਕਰੋ।

## ਸਟੇਟ ਟੈਸਟਿੰਗ ਵਿੰਡੋਜ਼

*ਟੈਸਟਿੰਗ ਦਾ ਆਯੋਜਨ ਹੇਠਾਂ ਸੂਚਿਤ ਵਿੰਡੋਜ਼ ਦੇ ਅਨੁਸਾਰ ਕੀਤਾ ਜਾਂਦਾ ਹੈ। ਆਪਣੇ ਬੱਚੇ ਦੇ ਟੈਸਟਾਂ ਵਿੱਚ ਭਾਗ ਲੈਣ ਵਾਲੀਆਂ ਤਾਰੀਖਾਂ ਬਾਰੇ ਜਾਣਕਾਰੀ ਲਈ ਆਪਣੇ ਲੋਕਲ ਸਕੂਲ ਡਿਸਟ੍ਰਿਕਟ ਨਾਲ ਸੰਪਰਕ ਕਰੋ।*

| ਸਟੇਟ ਟੈਸਟਿੰਗ ਵਿੰਡੋਜ਼ | |
|---|---|
| **17 ਅਕਤੂਬਰ–7 ਅਪ੍ਰੈਲ:** | WA-AIM |
| **1 ਫਰਵਰੀ–14 ਮਾਰਚ (ਅਸਥਾਈ):** | ELPA21 |
| **6 ਮਾਰਚ–9 ਜੂਨ:** | ਸਮਾਰਟਰ ਬੈਲੇਂਸਡ (Smarter Balanced) |
| **17 ਅਪ੍ਰੈਲ–2 ਜੂਨ:** | MSP ਵਿਗਿਆਨ |

*OSPI ਉੱਪਰ ਸੂਚੀਬੱਧ ਸਾਰੇ ਟੈਸਟਾਂ ਲਈ ਸਕੋਰ ਰਿਪੋਰਟਾਂ ਮੁਹੱਈਆ ਕਰਦਾ ਹੈ। ਵਧੇਰੇ ਜਾਣਕਾਰੀ ਲਈ ਆਪਣੇ ਸਥਾਨਕ ਸਕੂਲ ਡਿਸਟ੍ਰਿਕਟ ਨੂੰ ਸੰਪਰਕ ਕਰੋ।*

## ਰਾਜ ਦੇ ਟੈਸਟ ਦੇ ਅੰਕਾਂ ਦਾ ਕੀ ਮਤਲਬ ਹੈ?

ਪੱਧਰ **4** — **ਸਫ਼ਲਤਾ ਮਿਆਰ ਤੋਂ ਉੱਪਰ:** ਇੱਕ ਵਿਸ਼ੇ ਵਿੱਚ ਗਿਆਨ ਅਤੇ ਕੁਸ਼ਲਤਾ ਦੀ ਮਹਾਰਤ ਵੱਲ ਉਚੇਰੀ ਤਰੱਕੀ ਦਰਸਾਉਂਦਾ ਹੈ।

ਪੱਧਰ **3** — **ਸਫ਼ਲਤਾ ਮਿਆਰ ਦੀ ਪ੍ਰਾਪਤੀ:** ਇੱਕ ਵਿਸ਼ੇ ਵਿੱਚ ਗਿਆਨ ਅਤੇ ਕੁਸ਼ਲਤਾ ਦੀ ਮਹਾਰਤ ਵੱਲ ਤਰੱਕੀ ਦਰਸਾਉਂਦਾ ਹੈ।

ਪੱਧਰ **2** — **ਸਫ਼ਲਤਾ ਮਿਆਰ ਦੀ ਨਜ਼ਦੀਕੀ ਪ੍ਰਾਪਤੀ:** ਇੱਕ ਵਿਸ਼ੇ ਵਿੱਚ ਗਿਆਨ ਅਤੇ ਕੁਸ਼ਲਤਾ ਦਰਸਾਉਣ ਲਈ ਹੋਰ ਵਿਕਾਸ ਦੀ ਜ਼ਰੂਰਤ ਹੋ ਸਕਦੀ ਹੈ।

ਪੱਧਰ **1** — **ਸਫ਼ਲਤਾ ਮਿਆਰ ਦੀਆਂ ਲੋੜਾਂ ਪੂਰੀਆਂ ਨਹੀਂ ਕਰਦਾ:** ਇੱਕ ਵਿਸ਼ੇ ਵਿੱਚ ਗਿਆਨ ਅਤੇ ਕੁਸ਼ਲਤਾ ਦਰਸਾਉਣ ਲਈ ਮਹੱਤਵਪੂਰਨ ਵਿਕਾਸ ਦੀ ਜ਼ਰੂਰਤ ਹੈ।

Office of Superintendent of Public Instruction
Old Capitol Building
P.O. Box 47200
Olympia, WA 98504-7200

www.YourChildsProgress.com

September 2016, Publication No. 16-0035